
# ਜਲੇਬੀ ਬੇਬੀ

ਅਜ਼ੀਜ਼ਾ ਪਚਾਕੇ ਮਾਰ-ਮਾਰ ਕੇ ਜਲੇਬੀਆਂ ਖਾ ਰਹੀ ਸੀ। ਇਹ ਕਿੰਵੇ? ਕਿ ਓਹਦੀ ਢਾਡੀ ਨਾਨੀ ਘਰ ਨਹੀਂ ਸੀ? ਨਾਨੀ ਓਹਨੂੰ ਸਲਾਦ, ਨੱਟਸ ਤੇ ਹੋਰ ਹੈਲਦੀ ਚੀਜ਼ਾਂ ਹੀ ਖਾਣ ਦੇਂਦੀ ਸੀ। ਘਰ ਹੀ ਸੀ ਨਾਨੀ ਪਰ ਦੂਰ ਸੀ। ਰਿਆਜ਼ ਕਰ ਰਹੀ ਸੀ ਉਚੀ-ਉਚੀ : ਸਾ ਰੇ ਗਾ ਮਾ ... । ਤੇ ਬਹਾਦਰ ਅੰਕਲ ਹੀ ਨੇੜੇ ਸਨ ਜਦ ਕੋਈ ਸ਼ਾਦੀ ਵਾਲੇਆਂ ਨੇ ਵਿਆਹ ਦੀ ਮਿਠਾਈ ਦਾ ਇਕ ਟੀਨ ਘੱਲੇਆ ਸੀ। ਐਸ ਵਿਚ ਸੀ ਸ਼ੱਕਰਪਾਰੇ, ਲੱਡੂ ਤੇ ਜੀ ਹਾਂ ਜਲੇਬੀਆਂ। ਠੰਡੀਆਂ ਹੀ ਸਨ ਪਰ ਜਲੇਬੀਆਂ ਠੰਡੀਆਂ ਵੀ ਬੜੀ ਆਲ੍ਹਾ ਲੱਗਦੀਆਂ ਹਨ। ਬਹਾਦਰ ਅੰਕਲ ਨੇ ਤਾਂ “ਏਕ ਯਾਂ ਦੋ” ਖਾਣ ਲਈ ਹੀ ਕਹੇਆ ਸੀ। ਪਰ ਇੱਕ-ਦੋ ਬਾਰ-ਬਾਰ ਖਾਂਦੇ ਹੁਣ ਅਜ਼ੀਜ਼ਾ ਕਾਫ਼ੀ ਛੱਕ ਚੁੱਕੀ ਸੀ। ਸੋ ਡੱਬੇ ਤੋਂ ਇਲਾਵਾ ਹੁਣ ਆਲੇ-ਦੋਆਲੇ ਦਿਆਂ ਹੋਰ ਚੀਜ਼ਾਂ ਵਲ ਵੀ ਤੱਕ ਰਹੀ ਸੀ।

ਅਚਾਨਕ ਓਹਨੇ ਦੇਖੇਆ ਇਕ ਗੋਲ ਜਹੀ ਚੀਜ਼, ਕੁਝ ਜਲੇਬੀ ਵਰਗੀ ਹੀ, ਪਰ ਜ਼ਿਆਦੀ ਗੋਲ, ਭੁੰਜੇ ਪਈ ਸੀ। ਨੀਚੇ ਹੋ ਓਹਨੇ ਦੇਖੇਆ : ਇਕ ਚੂੜੀ! ਬੜੀ ਹੀ ਖ਼ੂਬਸੂਰਤ ਤੇ ਜਲੇਬੀ ਰੰਗੀ! ਹਰਾਣ ਹੋ ਗਈ ਅਜ਼ੀਜ਼ਾ। ਓਹਦੇ ਕੋਲ ਤਾਂ ਕੋਈ ਐਸ ਰੰਗ ਦੀ ਚੂੜੀ ਨਹੀਂ ਸੀ। ਨਾ ਹੀ ਓਹਦੀ ਮਾਮਾ ਤੇ ਨਾਨੀ ਕੋਲ ਸੀ। ਸੋ ਇਹ ਕਿੱਥੋਂ ਆ ਗਈ? ਇਕ ਮਿਸਟਰੀ ਸੀ! ਸੋ ਸ਼ਰਲੌਕ ਹੋਮਜ਼ ਵਾਂਗ ਇਸ ਕਲੀਊ ਤੋਂ ਲੱਗ ਪਈ ਅਜ਼ੀਜ਼ਾ ਪਹੇਲੀ ਦੀ ਜੜ੍ਹ ਪੌਂਹਚਣ ਦੀ ਕੋਸ਼ਿਸ਼ ਵਿਚ। ਦੋ ਹੋਰ ਸੱਸਪੈਕਟ ਸੀ ਏਰੀਏ ਵਿਚ। ਅਮੀਲੀਆ ਆਂਟੀ ਤੇ ਬਡੀਲੀਆ ਆਂਟੀ। ਪਰ ਅਜ਼ੀਜ਼ਾ ਨੂੰ ਪਤਾ ਸੀ ਅਮੀਲੀਆ ਆਂਟੀ ਤੇ ਸਦਾ ਹੀ ਬਲੀਊ ਰੰਗ ਦੀਆਂ ਚੁੜੀਆਂ ਪਾਂਦੇ ਸੀ। ਆ-ਹਾ! ਸੋ ਅਜ਼ੀਜ਼ਾ ਜਸੂਸ ਬੈਠੀ-ਬੈਠੀ ਹੀ ਪਹੋਂਚ ਗਈ ਨਤੀਜੇ ਤੇ ਕਿ ਬਡੀਲੀਆ ਆਂਟੀ ਦੀ ਹੀ ਗਵਾਚੀ ਹੋਣੀ ਹੈ ਚੂੜੀ।

ਹੁਣ ਐਸ ਕੌਂਜੈਕਚਰ ਦੀ ਪੁਸ਼ਟੀ ਹੀ ਬਾਕੀ ਸੀ। ਲੱਭਣ ਲੱਗ ਪਈ ਸਾਡੀ ਛੋਟੀ ਜਸੂਸ ਬਡੀਲੀਆ ਆਂਟੀ ਨੂੰ। ਅਜ਼ੀਜ਼ਾ ਦੀ ਖੁਸ਼ੀ ਦਾ ਅੰਤ ਹੀ ਨਹੀਂ ਸੀ ਜਦੋਂ ਓਹਨੇ ਬਡੀਲੀਆ ਆਂਟੀ ਦੇ ਹੱਥ ਤੇ ਇਕ ਜਲੇਬੀ ਰੰਗੀ ਚੂੜੀ ਦੇਖੀ। ਪੁਛਣ ਤੋਂ ਪਤਾ ਲੱਗਾ ਕਿ ਆਂਟੀ ਦੀ ਦੂਜੀ ਚੂੜੀ ਕੁਝ ਦਿਨਾਂ ਤੋਂ ਗ਼ੁਮ ਸੀ। ਅਜ਼ੀਜ਼ਾ ਨੇ ਓਹਨਾਂ ਨੂੰ ਓਹ ਚੂੜੀ ਦੇ ਦਿੱਤੀ ਤੇ ਆਂਟੀ ਨੇ ਸਾਡੀ ਨਿਕੀ ਜਸੂਸ ਨੂੰ ਬਹੋਤ ਵੱਡਾ “ਥੈਂਕ ਯੂ” ਕੀਤਾ॥



| | |
|---|---|
| ਜਲੇਬੀ | ਜਲੇਬੀ ਰੰਗੀ ਚੂੜੀ |
| ਜਲੇਬੀ ਵਿਚ 5 ਮੋਰੀਆਂ ਹਨ | ਚੂੜੀ ਵਿਚ 1 ਮੋਰੀ |
| ਕਹਿੰਦੇ ਹਨ ਗਣਿਤ* ਵਿਚ<br>ਐਸ ਸਰਫ਼ੈਸ ਦਾ <u>ਜੀਨਸ</u> ਹੈ ਪੰਜ | ਤੇ ਐਸ ਸਰਫ਼ੈਸ ਦਾ<br>ਜੀਨਸ ਹੈ ਇਕ |

ਆਹ ਥੱਲੇ ਬੈਮਬੂ-ਮੈਨ ਦੀ ਤਸਵੀਰ ਹੈ। ਇਸ ਬਾਂਸ-ਬੰਦੇ ਦੀ ਖੁਰਾਕ ਹੈ : ਹਵਾ, ਖਾਦ, ਪਾਣੀ ਤੇ ਪਿਆਰ।ਦੱਸੋ ਬੈਮਬੂ-ਮੈਨ ਦਾ ਜੀਨਸ ਕੀ ਹੈ?




*ਅਜ਼ੀਜ਼ਾ ਦੇ ਨਾਨਾ ਕੁਝ ਗਣਿਤ ਜਾਣਦੇ ਹਨ। ਤੇ ਓਹਨਾਂ ਦਾ ਕਹਿਣਾ ਹੈ ਕਿ ਆਪਾਂ ਨੂੰ ਇੰਗਲਿਸ਼ ਤੋਂ ਆਏ ਪੰਜਾਬੀ ਸ਼ਬਦਾਂ ਦਾ ਉਚਾਰਣ ਵੀ ਪੰਜਾਬੀ ਢੰਗ ਨਾਲ ਹੀ ਕਰਣਾ ਚਾਹੀਦਾ ਹੈ। ਮਸਲਣ clue ਨੂੰ ਕਲੀਊ ਤੇ blue ਨੂੰ ਬਲੀਊ ਹੀ ਬੋਲੋ! 😊

# ਅਦਲਾ-ਬਦਲੀ

ਅਜ਼ੀਜ਼ਾ ਬੜੇ ਧਿਆਣ ਨਾਲ ੳ-ਅ-ੲ ਲਿਖ ਚੁੱਕੀ ਸੀ। ਹੁਣ ਓਹਣੇ ਕਾਪੀ ਤੋਂ ਸਿਰ ਉਠਾਏਆ ਤੇ ਆਲੇ-ਦੋਆਲੇ ਵੇਖਣ ਲੱਗੀ। ਓਹਦੀ ਨਜ਼ਰ ਟਿਕ ਗਈ ਆਪਣੀ ਫ਼ੇਵਰਿਟ ਦਿਵਾਰ ਤੇ ਟੰਗੀ ਫ਼ੋਟੋ ਤੇ। ਆਪਣੀ ਹੀ ਇਕ ਹੱਥ-ਚੱਕੀ ਜੈਕਾਰਾ ਲਗਾਂਦੀ ਦੀ ਤਸਵੀਰ। ਕੁਝ ਹੀ ਚਿਰ ਪਹਲਾਂ ਗੁਰਦਵਾਰੇ ਬਾਹਰ ਖਿੱਚੀ ਸੀ ਇਹ ਫ਼ੋਟੋ ਓਹਦੇ ਪਾਪਾ ਨੇ। ਅਜ਼ੀਜ਼ਾ ਆਪਣੀ ਫ਼ੋਟੋ ਦੇਖਦੀ-ਦੇਖਦੀ ਜੋਸ਼ ਵਿੱਚ ਆ ਗਈ : ਹੱਥ ਉੱਤੇ ਕਰ ਕੇ ਕੁਝ ਹੋਰ ਜੈਕਾਰੇ ਛੱਡਤੇ!

ਇਹ ਕਰਦੀ-ਕਰਦੀ ਦੀ ਓਹਦੀ ਨਜ਼ਰ ਪਈ ਨਾਲ ਦੇ ਸ਼ੀਸ਼ੇ ਤੇ ਜਿਸ ਵਿੱਚ ਓਹਦੀ ਰਿਫ਼ਲੈਕਸ਼ਨ ਆ ਰਹੀ ਸੀ। ਅਚਾਨਕ ਓਹਣੇ ਨੋਟ ਕੀਤਾ ਕਿ ਆਹ ਰੈਫ਼ਲੈਕਸ਼ਨ ਉਸ ਫ਼ੋਟੋ ਤੋਂ ਅਲਗ ਸੀ। ਇਹਦੇ ਵਿਚ ਦੂਜਾ ਹੱਥ ਉਤੇ ਚੁਕੇਆ ਸੀ! ਕੁਝ ਓਹਦੋਂ ਹੀ ਓਹਦੇ ਪਾਪਾ ਓਥੇ ਆ ਗਏ ਤੇ ਪੁਛਣ ਲੱਗੇ : “ਬੇਟੀ ਇਹ ਜੈਕਾਰੇ ਕਿਸ ਖੁਸ਼ੀ ਵਿੱਚ ਛੱਡ ਰਹੀਂ ਹੈਂ? ਅਜ਼ੀਜ਼ਾ ਬੋਲੀ : “ਪਾਪਾ, ਪਾਪਾ, ਆਹ ਦੇਖੋ, ਤੁਸੀਂ ਇਹ ਫ਼ੋਟੋ ਗਲੱਤ ਖਿੱਚੀ ਹੋਣੀ ਹੈ। ਫ਼ੋਟੋ ਦੇ ਵਿੱਚ ਤਾਂ ਮੇਰਾ ਹੱਥ ਹੋਰ ਹੈ ਤੇ ਸ਼ੀਸ਼ੇ ਦੇ ਵਿਚ ਤਾਂ ਦੂਜਾ ਹੱਥ ਉਤੇ ਚੱਕਿਆ ਹੈ।”



ਪਾਪਾ ਨੇ ਅਜ਼ੀਜ਼ਾ ਨੂੰ ਕਿਹਾ : “ਬੇਟੀ ਸ਼ੀਸ਼ੇ ਦੇ ਵਿਚ ਸੱਜਾ-ਖੱਬਾ ਬਦਲ ਜਾਂਦੇ ਨੇ।” ਅਜ਼ੀਜ਼ਾ: “ਮੈਨੂੰ ਤੋਹਾਡੀ ਗਲ ਸਮੱਝ ਨਹੀਂ ਆਈ। ਜ਼ਰੂਰ ਫ਼ੋਟੋ ਪਰਿੰਟ ਕਰਣ ਵਿਚ ਨੁਕੱਸ ਪੈ ਗਿਆ ਹੋਊ।” ਪਾਪਾ : “ਨਹੀਂ ਬੇਟੀ ਇਸ ਤੱਥ ਦਾ ਦਰਅਸਲ ਫ਼ੋਟੋਗਰਾਫ਼ੀ ਨਾਲ ਲੈਣਾ-ਦੇਣਾ ਨਹੀ!” ਓਹਣਾਂ ਨੈਂ ਅਜ਼ੀਜ਼ਾ ਨੂੰ ਕਿਹਾ ਕਿ ਓਹ ਆਪਣੇ ਜੈਕਾਰਾ ਵਾਲਾ ਹੱਥ ਚੱਕੀ ਰੱਖ ਓਹਣਾਂ ਵਲ ਘੁਮ ਜਾਏ। ਅਜ਼ੀਜ਼ਾ ਨੂੰ ਤੇ ਵੈਸੇ ਹੀ ਟਵਰਲ ਕਰਣ ਦਾ ਬਹੌਤ ਸ਼ੌਕ ਹੈ। ਓਹਦਾ ਫ਼ੇਵਰਿਟ ਡਾਂਸ ਸਟੇਪ ਹੈ ਇਹ! ਸੋ ਫ਼ੱਟ ਓਹ ਪਾਪਾ ਵੱਲ ਘੁਮ ਗਈ। ਪਾਪਾ : “ਦੇਖ ਬੇਟੀ ਤੇਰਾ ਉਤੇ ਚਕਿਆ ਹੱਥ ਹੁਣ ਮੇਰੇ ਦੂਜੇ ਪਾਸੇ ਹੈ (ਤੇ ਇਹ ਸਚ ਹੀ ਫ਼ੋਟੋ ਵਿਚ ਦਿਖਦਾ ਹੈ)। ਇਸ ਦੇ ਵਿਪ੍ਰੀਤ ਸ਼ੀਸ਼ੇ ਦੇ ਵਿੱਚ ਚੁਕੇ ਹੱਥ ਦੀ ਰੈਫ਼ਲੈਕਸ਼ਨ ਓਹਦੇ ਸਾਹਮਣੇ ਹੀ ਰਹਿੰਦੀ ਹੈ।”



ਅਜ਼ੀਜ਼ਾ ਸਮਝ ਗਈ ਕਿਉਂ ਹੱਥਾਂ ਦੀ ਅਦਲਾ-ਬਦਲੀ ਹੋ ਜਾਂਦੀ ਹੈ ਸ਼ੀਸ਼ੇ ਵਿਚ। ਫ਼ੇਰ ਨਾਲ ਹੀ ਟੰਗੀ ਪਾਪਾ ਦੀ ਪੁਰਾਣੀ ਫ਼ੋਟੋ ਤੇ ਓਹਣਾਂ ਦੀ ਉਸੀ ਸ਼ੀਸ਼ੇ ਦੇ ਵਿਚ ਰਿਫ਼ਲੈਕਸ਼ਨ ਨੂੰ ਕੋਮਪੇਅਰ ਕਰਣ ਲਗ ਪਈ। ਅਜ਼ੀਜ਼ਾ : “ਪਾਪਾ, ਤੋਹਾਡੀ ਫ਼ੋਟੋ ਅਤੇ ਰਿਫ਼ਲੈਕਸ਼ਨ ਵਿਚ ਵੀ ਅੰਤਰ ਹੈ।” ਪਾਪਾ : “ਹਾਂ ਬੇਟੀ ਓਦਾਂ ਦਾ ਮੈਂ ਕੁਝ ਵੇਟ ਲੂਜ਼ ਕੀਤਾ ਹੈ, ਤੇ ਫ਼ੋਟੋ ਵਿਚ ਮੈਂ ਕੋਟ, ਟਾਈ ਤੇ ਹੋਰ ਕਪੜੇ ਪਾਏ ਹਣ।” ਅਜ਼ੀਜ਼ਾ : “ਨਹੀਂ ਪਾਪਾ, ਇਹ ਚੀਜ਼ਾ ਨਹੀਂ, ਅਦਲਾ-ਬਦਲੀ ਵਾਲਾ ਅੰਤਰ!” ਪਾਪਾ : “ਪਰ ਬੇਟੀ ਮੈਰਾ ਤਾਂ ਕੋਈ ਹੱਥ ਚਕੇਆ ਹੀ ਨਹੀਂ।” ਅਜ਼ੀਜ਼ਾ, ਬੜੀ ਖੁਸ਼ੀ ਨਾਲ : “ਪਾਪਾ ਤੋਹਾਣੂ ਇਹ ਵੱਡਾ ਅੰਤਰ ਦਿਖੇਆ ਨਹੀਂ, ਯੂ ਗਿਵ ਅੱਪ?”

ਪਾਪਾ ਨੇ ਕਿਹਾ : “ਯੈਸ ਬੇਟੀ, ਆਈ ਗਿਵ ਅੱਪ।” ਅਜ਼ੀਜ਼ਾ : “ਪਾਪਾ, ਆਪਣੀ ਪੱਗ ਦੇਖੋ। ਨਾਂ ਸਿਰਫ਼ ਰੰਗ ਅਲੱਗ ਹੈ, ਸ਼ਿਸ਼ੇ ਵਿਚ ਇਹਦਾ ਆਖਰੀ ਲੱੜ ਦੂਸਰੀ ਤਰਫ਼ੋਂ ਆ ਰਿਹਾ ਹੈ!” ਪਾਪਾ ਬਹੌਤ ਖੁਸ਼ ਹੋਏ ਅਜ਼ੀਜ਼ਾ ਤੇ ਜਿਸਣੇ ਐਣੀ ਜਲੱਦ ਇਹ ਇਕ ਹੋਰ ਅਦਲਾ-ਬਦਲੀ ਦੀ ਉਧਾਰਣ ਕੈਚ ਕਰ ਲੀਤੀ ਸੀ। ਓਹ ਇਨਾਮ ਦੀ ਤੋਰ ਹੁਣ ਅਜ਼ੀਜ਼ਾ ਨੂੰ ਆਇਸ-ਕਰੀਮ ਖਾਣ ਲੈ ਗਏ! 🍦

# ਪੰਜ-ਪੀਸ-ਪਜ਼ੱਲ


ਅਜ਼ੀਜ਼ਾ ਦੀ ਮਾਮਾ ਨੂੰ ਜਦੋਂ ਆਪਣੇ ਕਮ ਤੋਂ ਟਾਇਮ ਮਿਲਦਾ ਹੈ ਜਿਗਸੌ ਪਜ਼ਲਜ਼ ਬਣਾਊਣ ਦਾ ਬੜਾ ਸ਼ੌਕ ਹੈ। ਸੌ-ਸੌ ਪੀਸ ਹੋ ਸਕਦੇ ਨੇ, ਤੇ ਹਰ ਪੀਸ ਦਿਆਂ ਕਿਨੀਆਂ ਹੀ ਸਾਇਡਜ਼! ਪੀਸਾਂ ਤੇ ਬਣੇ ਛੋਟੇ-ਛੋਟੇ ਹਿਸੇ, ਓਹ ਵੱਡੀ ਤਸਵੀਰ ਦੇ ਜੋ ਇਹਨਾਂ ਨੂੰ ਜੋੜ ਬਣਾਣੀ ਹੈ, ਮਦੱਦ ਕਰਦੇ ਨੇ। ਪਰ ਫ਼ੈਰ ਵੀ ਘੰਟੇ ਲਗ ਸਕਦੇ ਨੇ ਇਕੋ ਪਜ਼ਲ ਤੇ! ਆਪਣਾ ਹੋਮਵਰਕ ਕਰਣ ਤੋਂ ਬਾਦ ਅਜ਼ੀਜ਼ਾ ਨੂੰ ਬਹੁਤ ਮਜ਼ਾ ਆਂਦਾ ਹੈ ਮਾਮਾ ਨਾਲ ਜਿਗਸੌ ਪਜ਼ਲਜ਼ ਬਣਾਣ ਵਿਚ।

ਅਜ਼ੀਜ਼ਾ ਦੇ ਪੰਜਵੇਂ ਬੱਰਥਡੇ ਅਮੀਲੀਆ ਆਂਟੀ ਤੋਂ ਇਕ ਛੋਟੇ ਲਫ਼ਾਫ਼ੇ ਵਿਚ ਇਕ ਬਹੁਤ ਹੀ ਪਿਆਰੀ ਹੱਥ-ਬਣਾਈ ਪਜ਼ਲ ਗਿਫ਼ਟ ਦੇ ਰੂਪ ਵਿਚ ਆਈ :-




ਲਫ਼ਾਫ਼ੇ ਅੰਦਰ ਸਿਰਫ਼ ਪੰਜ ਪੀਸ ਸਨ। ਤਿਨ ਟਰਾਏਂਗਲ ਤੇ ਦੋ ਦੀਆਂ ਚਾਰ ਸਾਇਡਾਂ। ਤਿਨ ਪੀਸ ਪੀਲੇ ਰੰਗ ਦੇ ਤੇ ਦੋ ਪਿੰਕ। ਥੋੜੀ ਹੀ ਟਰਾਈਆਂ ਬਾਦ ਮਾਂ-ਧੀ ਨੇ ਪੀਲੇ ਪੀਸਾਂ ਨੂੰ ਜੋੜ ਇਕ ਸਕਵੇਅਰ ਯਾਂ ਵਰਗ ਬਣਾ ਲਿੱਤਾ, ਤੇ ਬਾਕੀ ਦੋ ਪਿੰਕ ਪੀਸਾਂ ਨੂੰ ਜੋੜ ਇਕ ਦੂਜਾ ਛੋਟਾ ਸਕਵੇਅਰ। ਤੇ ਫ਼ੇਰ ਮਾਮਾ ਕਿਹ “ਚਲੋ ਬਣ ਗਈ!” ਚਲੀ ਗਈ ਕਿਚਣ ਵਲ ਕੁਝ ਬਣਾਣ ਲਈ।

ਪਰ ਅਜ਼ੀਜ਼ਾ ਦੀ ਆਦਤ ਹੈ ਕਿ ਓਹ ਜਦੋਂ ਕੁਝ ਸ਼ੁਰੂ ਕਰਦੀ ਹੈ ਤਾਂ ਧੁਰ ਤੱਕ ਜਾਂਦੀ ਹੈ। ਓਹਣੇ ਕਿਹਾ “ਹਮਮ ... ਹੋ ਸਕਦੈ ਪੰਜੋਂ ਇਕੱਠੇ ਵੀ ਕੁਝ ਬਣਾਂਦੇ ਹੋਣ?” ਤੇ ਪੰਜੋ ਪੀਸ ਏਹਦਰ-ਓਹਦਰ ਹਲਾਣ ਲੱਗ ਪਈ। ਤੇ ਕਿ ਹੋਏਆ, ਓਹਣੇ ਜੀ ਪੰਜੋ ਪੀਸਿਜ਼ ਤੋਂ ਇਕੋ ਸਕਵੇਅਰ ਬਣਾ ਦਿਤਾ! ਅਜ਼ੀਜ਼ਾ ਬੜੀ ਖੁਸ਼ ਹੋਈ। ਉਚੀ-ਉਚੀ ਉਸ ਨੇ ਆਪਣੇ ਮਾਮਾ-ਪਾਪਾ ਦੋਣਾ ਨੂੰ ਬਲਾਇਆ : “ਦੇਖੋ-ਦੇਖੋ, ਮੈਂ ਇੱਕੋ ਵੱਡਾ ਸਕਵੇਅਰ ਬਣਾ ਦਿਤਾ ਹੈ, ਦੋ-ਰੰਗੀ!”



ਪਾਪਾ ਨੂੰ ਥੋੜਾ ਮੈਥ ਚੇਤੇ ਆ ਗਿਆ: "ਸੱਮ ਓਫ਼ ਟੂ ਸਕਵੇਅਰਜ਼ ਇਜ਼ ਅਨੱਦਰ ਸਕਵੇਅਰ।" ਤੇ ਨਾਲ ਹੀ ਮਾਮਾ ਨੂੰ : "ਪਰ ਇਹ ਪੀਥੋਗਰਸ ਥਿਓਰਮ ਦਾ ਤਰੀਕਾ ਤਾਂ ਅਸਾਂ ਸਕੂਲੇ ਬਗੈਰ ਸਮਝੇ ਹੀ ਰੱਟ ਲਿਤਾ ਸੀ, ਬੜਾ ਓਖਾ ਸੀ।" ਤੇ ਫ਼ੇਰ ਸਾਰੇ ਸੋਚਣ ਲੱਗ ਪਏ ਕਿ ਖੱਬਰੇ ਆਂਟੀ ਅਮੀਲੀਆ ਨੇ ਆਹ ਸਰਲ ਤਰੀਕਾ ਕਿੰਵੇ ਲੱਭ ਲਿੱਤਾ? ਇਸ ਮਿਸਟਰੀ ਦਾ ਭੇਦ ਓਦੋਂ ਖੁਲਿਆ ਜਦੋਂ ਮਾਮਾ ਨੇ ਦੋਆਂ ਛੋਟੇ ਸਕਵੇਅਰਾਂ ਨੂੰ ਲਾਗੇ ਰੱਖ ਇਕ 'ਬੂਟ' ਬਣਾ ਦਿਤਾ :-



ਤਰੀਕਾ ਹੁਣ ਸਾਫ਼ ਹੈ: ਕੋਈ ਦੋ ਸਕਵੇਅਰਜ਼ ਤੋਂ ਬਣੇ ਬੂਟ ਤੇ ਕੈਂਚੀ ਨਾਲ ਮਾਰੋ ਚਿਤਰਿਤ ਦੋ ਕੱਟ, ਬਣ ਜਾਊ ਇਕ ਪੰਜ-ਪੀਸ-ਪਜ਼ਲ! ਮਾਮਾ : "ਤੇ ਦੋ ਬਾਰ ਲਗਾ ਇਹ ਤਰੀਕਾ ਬਣ ਜਾਊ ਤਿਣ ਸਕਵੇਅਰਾਂ ਤੋਂ ਇਕੋ ਸਕਵੇਅਰ।" ਪਾਪਾ : "ਤੇ ਤਿਣ ਬਾਰ ਚਾਰ ਵੱਖਰੇ ਰੰਗੇ ਵਰਗਾਂ ਤੋਂ ਬਣੂ ਇਕੋ ਚਾਰ-ਰੰਗੀ ਵਰਗ।" ਅਜ਼ੀਜ਼ਾ : "ਤੇ ਛੇ ਵਾਰ ਲਗਾ ਤਰੀਕਾ ਸੱਤ ਵਖਰੇ ਰੰਗੇ ਸਕਵੇਅਰਜ਼ ਤੋਂ ਅਸੀਂ ਬਣਾ ਸਕਦੇ ਹਾਂ ਇਕੋ ਸੱਤ-ਰੰਗੀ ਸਕਵੇਅਰ!" 🌈

# ਚੀਣੀ ਦੇ ਦਰਿਆ


ਜਦੋਂ ਨਾਨਾ ਛੋਟੇ ਸਨ ਪਰ ਬਹੁਤ ਛੋਟੇ ਤੇ ਨਹੀਂ - ਮਤਲਬ ਆਪਣੇ-ਆਪ ਖਾਣਾ ਖਾਣ ਲੱਗ ਪਏ ਸਨ - ਉਹਨਾਂ ਨੂੰ ਓਹਨਾਂ ਦੇ ਮਾਮਾ ਗਰੀਨਜ਼, ਫ਼ਰੈਂਚ ਬੀਨਜ਼, ਟੀਂਡੇ, ਘਿਆ, ਕੱਦੂ ਵਗੈਰਾ ਖਿਲਾਣ ਦੀ ਕੋਸ਼ਿਸ਼ ਕਰਦੇ ਸੀ। ਪਰ ਅਜ਼ੀਜ਼ਾ ਦੇ ਉਲਟ ਛੋਟੇ ਨਾਨਾ ਨੂੰ ਇਹ ਪੋਸ਼ਟਿਕ ਸਬਜ਼ੀਆਂ ਸਵਾਦ ਨਹੀਂ ਸੀ ਲਗਦੀਆਂ। ਸਿਰਫ ਤੇ ਸਿਰਫ਼ ਗਾਜਰ-ਮੱਟਰ ਹੀ ਰੋਜ਼ ਮੰਗਦੇ ਸੀ।

ਓਹਨਾਂ ਦੇ ਮਾਮਾ ਭੁਪਿੰਦਰ ਕੌਰ ਡਾਕਟਰ ਸੀ। ਸੋ ਓਹਨਾਂ ਨੂੰ ਹੋਰ ਪਤਾ ਸੀ ਕਿ ਬੈਲੈਂਸੱਡ ਡਾਇਟ ਕਿਣੀ ਜ਼ਰੂਰੀ ਹੈ। ਪਰ ਬੱਚੇ ਤਾਂ ਕਈ ਵਾਰ ਸਮਝਦੇ ਹੀ ਨਹੀਂ।ਨਾਨਾ ਨੂੰ ਇੱਕ ਚੀਜ਼ ਬਹੁਤ ਪਸੰਦ ਸੀ ਜਿਹਨੂੰ ਓਹ ਹੁਣ ਪਹਾੜੀਆਂ-ਵਾਲਾ ਦਹੀਂ ਕਹਿ ਯਾਦ ਕਰਦੇ ਨੇ। ਜਦੋਂ ਓਹ ਕੌਲੀ ਚ ਪਾਵੋ ਪਹਾੜੀਆਂ ਬਣ ਜਾਂਦੀਆਂ ਸੀ। ਤੇ ਛੋਟੇ ਨਾਨਾ ਨੂੰ ਪਹਿਲਾਂ ਉਤੇ ਥੋੜੀ ਚੀਣੀ ਪਾਣ ਦੀ ਇਜ਼ਾਜ਼ਤ ਵੀ ਆਖਰ ਮਿਲ ਹੀ ਗਈ। ਪਰ ਇਹ ਓਹ ਖਾ ਸਕਦੇ ਸਨ ਬਾਕੀ ਸਭ ਖੱਤਮ ਕਰਣ ਤੋਂ ਬਾਦ ਹੀ।

ਸੋ ਦਹੀਂ ਸਾਇਡ ਤੇ ਪਿਆ ਹੁੰਦਾ ਸੀ, ਤੇ ਨਾਨਾ ਉਸ ਵਲ ਤਕਦੇ ਰਹਿੰਦੇ। ਹਰ ਰੋਜ਼ ਕੁਝ ਵੱਖਰਾ ਹੁੰਦਾ ਸੀ ਇਸ ਦਹੀਂ ਦੀ ਸੀਨਰੀ ਯਾਂ ਜਿਆਗਰਾਫੀਆ ਵਿਚ।ਜੋ ਵੀ ਖਾਣਾ ਪੈਂਦਾ ਸੀ - ਘਿਆ ਟੀਂਡੇ ਆਦਿ - ਆਹਸਤੇ-ਆਹਸਤੇ ਖਾਂਦੇ ਸੀ ਛੋਟੇ ਨਾਨਾ।ਇਸ ਦੋਰਾਣ ਗਰਮੀ ਨਾਲ ਚੀਣੀ ਪਿਘਲਦੀ ਤੇ ਘੁਲੀ ਚੀਣੀ ਦੀਆਂ ਨਦੀਆਂ ਟੀਸੀਆਂ ਤੋਂ ਚਲ ਵਗਣ ਲਗ ਪੈਂਦੀਆਂ ਸੀ।

ਛੋਟੇ ਨਾਨਾ ਨੂੰ ਸ਼ਾਇਦ ਭੂਗੋਲ ਦਾ ਸ਼ੌਕ ਇਸ ਤੋਂ ਹੀ ਪਿਆ ਸੀ? ਯਾਂ ਫੇਰ ਦਹੀਂ ਦੇ ਇਹ ਨਜ਼ਾਰੇ ਦਾ ਸ਼ੌਕ ਜੀਓਗਰਫ਼ੀ ਤੋਂ? ਪਰ ਪੱਕਾ ਹੈ ਇਹ ਦੋਨੋਂ ਹੀ ਸ਼ੌਕ ਸਨ। ਸੋ ਜਦੋਂ ਬਾਕੀ ਕੰਮ ਆਖਰ ਨਿਬੜ ਦਾ - ਕੱਦੂ-ਕਾਦੂ, ਘੀਆ ਵਗੈਰਾ ਦਾ - ਤਾਂ ਨਾਨਾ ਬਹੁਤ ਹੀ ਤਰੀਕੇ ਨਾਲ ਪਚਾਕੇ ਮਾਰ-ਮਾਰ ਇਹ ਸਾਰੇ ਦਰਿਆ ਤੇ ਪਹਾੜ ਖਾਂ ਲੈਂਦੇ। ਨਾਨਾ ਦਾ ਹੁਣ ਵੀ ਕਹਿਣਾ ਹੈ: "ਬਈ ਗਲ੍ਹ ਇਹ ਹੈ ਕਿ ਚੀਣੀ ਵਾਲੇ ਦਹੀਂ ਤੋਂ ਅੱਛਾ ਕੋਈ ਡੈਸੱਰਟ ਹੈ ਹੀ ਨਹੀਂ!"

ਮਸਾਲ ਦੀ ਤੌਰ ਇਕ ਐਸੀ ਦਹੀਂ ਦੀ ਸੀਨਰੀ ਚੀਨੀ ਦੀ ਪਲੇਟ ਵਿਚ ਹੈ ਥੱਲੇ ਤਸਵੀਰ ਵਿਚ। ਤਿਣ ਉਚੀਆਂ ਚੋਟੀਆਂ ਹਨ। ਓਹਨਾਂ ਉਤੇ ਚੀਣੀ ਦੇ ਕੁਝ ਕਰਿਸਟਲ। ਬਾਈ ਦੀ ਵੇ, ਇਹ ਆਮ ਤੌਰ ਚਪਟੇ ਹੈਕਸਾਗਣ ਹੋਂਦੇ ਨੇ। ਦਹੀਂ ਦਾ ਪਾਣੀ ਜ਼ਿਆਦਾ ਪਲੇਟ ਦੇ ਨਾਲ ਹੌਦਾਂ ਹੈ, ਪਰ ਵਿਚ ਉਤੇ ਵੀ ਹੋ ਸਕਦੈ। ਜਿਂਵੇਂ ਏਥੇ ਇਕ ਝੀਲ ਯਾਂ ਲੇਕ ਹੈ, ਤੇ ਕਰੀਬ ਸਾਰੇ ਆਲੇ-ਦੋਆਲੇ ਸਮੁੰਦਰ। ਬੱਸ ਕੁਝ ਟਾਇਮ ਦੋ! ਆਪਣੇ ਟੀਂਡੇ ਆਹਸਤੇ-ਆਹਸਤੇ ਨਿਬੇੜੋ ਤੇ ਦੇਖੋ ਕਿ ਹੋਂਦਾ ਹੈ।



ਘੁਲ ਕੇ ਦਹੀਂ ਦੇ ਪਾਣੀ ਵਿਚ ਖੰਡ ਦੇ ਦਰੇਆ ਵੱਗਣ ਲੱਗ ਪੈਣ ਗੇ! ਤਿਣੋਂ ਟੀਸੀਆਂ ਤੋਂ ਚਲ ਥੱਲੇ ਸਮੁੰਦਰ ਯਾਂ ਲੇਕ ਵਲ: ਮਿੱਠੇ ਦਰੇਆ। ਪਰ ਜਲਦੀ ਨਾ ਕਰੋ, ਸਬਰ ਦਾ ਫੱਲ ਹੋਰ ਮਿੱਠਾ ਹੋਉ। ਆਪਣੇ ਟੀਂਡੇ ਆਹਸਤੇ-ਆਹਸਤੇ ਖਾਂਦੇ ਜਾਓ। ਹੋਰ ਮਿੱਠੀਆਂ ਹੋ ਜਾਣ ਗਿਆਂ ਇਹ ਨੱਦੀਆਂ। ਦੂਜੀ ਤਸਵੀਰ ਟੋਪੋਗਰਾਫਿਕ ਮੈਪ ਹੈ, ਯਾਨਿ ਕਿ, ਉਤੋਂ ਲਿੱਤੀ ਤਸਵੀਰ ਇਹ ਲੈਂਡ-ਨਹੀਂ! ਕੱਰਡਜ਼-ਸਕੇਪ ਦੀ। ਸਿਰਫ ਚਾਰ ਲੈਵਲ ਹਨ ਮੈਪ ਚ। ਪਹਿਲਾ ਤੇ ਸੱਭ ਤੋਂ ਨੀਂਵਾਂ ਸੀ ਤੇ ਲੇਕ ਦਾ, ਇਹ ਬਲੀਉ ਰੰਗ ਵਿਚ ਹੈ। ਫੇਰ ਸਾਰੇ ਨੀਂਵੇ ਪਹਾੜੀ ਇਲਾਕੇ ਦਾ, ਇਹ ਪਿੰਕ ਹੈ। ਫੇਰ ਓਹ ਤਿਣ ਉਚੇ ਪਹਾੜਾਂ ਦਾ, ਇਹ ਵਾਇਟ ਹੈ। ਚੌਥੇ ਇਹਨਾਂ ਦਿਆਂ ਟੀਸੀਆਂ ਤੇ ਪਏ ਚੀਣੀ ਦੇ ਦਾਣੇ।

ਟੀਂਡੇ ਖੱਤਮ? ਸੱਭ ਤਿਆਰ ਹੈ ਹੁਨ। ਚੱਕੋ ਛੋਟਾ ਚੱਮਚਾ ਤੇ ਆਰਾਮ ਨਾਲ ਇਕ ਜਾਐਂਟ ਵਾਂਗ ਪੀ ਜਾਓ ਪਹਿਲਾਂ ਮਿੱਠਾ ਸਮੁੰਦਰ ਤੇ ਝੀਲ! ਪੀ ਲੀਤੇ? ਹੁਣ ਇਸ ਚੱਮਚੇ ਨਾਲ ਹੀ ਬਾਕੀ ਚੀਣੀ ਫੇਂਟ ਦੋ ਪੂਰੀ ਤਰ੍ਹਾਂ ਤੇ ਛੱਕ ਜਾਓ ਸਾਰੇ ਦਹੀਂ ਦੇ ਪਹਾੜ। ਨਾਨਾ ਦਾ ਕਹਿਣਾ ਹੈ ਕਿ ਇਸ ਤੋਂ ਅੱਛੀ ਸਵੀਟ ਡਿਸ਼ ਬਣੀ ਹੀ ਨਹੀਂ ਅੱਜ ਤੱਕ। ਕਿ ਰਾਏ ਹੈ ਤੋਹਾਡੀ?

# ਸਮਾਰਟ ਕੁਕੀ

ਅਜ਼ੀਜ਼ਾ ਕੁਝ ਫ਼ੋਟੋਆਂ ਦੇਖ ਰਹੀ ਸੀ। ਰੋਮ, ਇਟਲੀ ਤੋਂ ਆਈਆਂ ਸਨ ਇਹ। ਜਿੱਥੇ ਓਹਦੇ ਮਾਮਾ ਤੇ ਮਾਮੀ ਸੈਰ ਕਰਣ ਗਏ ਹੋਏ ਸਨ। ਅਚਾਣਕ ਓਹ ਬੋਲੀ "ਆਹ ਮਾਮੀ-ਪਜਾਮੀ ਦੀ ਫ਼ੋਟੋ ਤੇ ਬੜੀ ਪਿਆਰੀ ਹੈ ਪਰ ਓਹਣਾਂ ਨੇ ਇਹ ਇਕ ਟੁੱਟੀ ਹੋਈ ਬਿਲਡਿੰਗ ਅੱਗੇ ਕਿਓਂ ਖਿਚਵਾਈ ਹੈ?"

ਅਜ਼ੀਜ਼ਾ ਦੀ ਮਾਮਾ ਨੇ ਕਿਹਾ "ਬੇਟੀ ਇਹ ਕਲੋਸੀਅਮ ਹੈ। ਪੁਰਾਣੇ ਰੋਮ ਦੀ ਨਸ਼ਾਣੀ। ਖੰਡਰ ਹੀ ਹਣ। ਪਰ ਇਹਣਾਂ ਤੋਂ ਹੀ ਤੁਸੀ ਅੰਦਾਜ਼ਾ ਲਾ ਸਕਦੇ ਹੋ ਕਿ ਕਿਣੀ ਗਰੈਂਡ ਹੋਣੀ ਹੈ ਇਹ ਇਮਾਰਤ ਆਪਣੇ ਟਾਇਮ ਵਿਚ!"

ਨਾ ਕਿ ਮਾਮਾ ਹੁਣ ਤੁਰ ਪਏ ਓਹ ਘੱਟੀਆ ਖੇਡਾਂ ਵਲ ਜੋ ਕਰਵਾਈਆਂ ਜਾਂਦੀਆਂ ਸਨ ਮਜਬੂਰ ਕੈਦੀਆਂ ਤੋਂ ਇਸ ਵਿਚ, ਅਜ਼ੀਜ਼ਾ ਦੇ ਪਾਪਾ (ਜੋ ਸ਼ਾਇਦ ਗੁਗਲ ਕਰ ਰਹੇ ਸੀ ਕਲੋਸੀਅਮ) ਹੁਣ ਬੋਲੇ: "ਤੇ ਮਜ਼ੇਦਾਰ ਗਲ ਇਹ ਹੈ ਬੈਟੀ ਕਿ ਇਹ ਸਟੇਡੀਅਮ ਦੀ ਸ਼ੇਪ ਠੀਕ ਇਕ ਇਲਿਪਸ ਦੀ ਹੈ!"

ਇਹ ਕਹਿ ਫ਼ਸ ਗਏ, ਕਿਉਂਕਿ ਅਜ਼ੀਜ਼ਾ ਨੇ ਫ਼ੱਟ ਪੁਛੇਆ "ਪਾਪਾ, ਕਿ ਹੁੰਦਾ ਹੈ ਇਲਿਪਸ?" ਤੇ ਪਾਪਾ-ਅਸਲ ਵਿਚ ਮਾਮਾ ਵੀ-ਭੁਲ ਚੁੱਕੇ ਸੀ ਇਲਿਪਸ ਦੀ ਡੈਫ਼ੀਨੇਸ਼ਨ ਜੋ ਓਹਨਾਂ ਸਕੂਲੇ ਸਿੱਖੀ ਸੀ। ਮਾਮਾ ਨੇ ਗਲ ਇਹ ਕਹਿ ਸੰਭਾਲੀ: "ਬੈਟੀ ਹੁਣ ਤੇਰਾ ਬੈਡ-ਟਾਇਮ ਹੋ ਗਿਆ ਹੈ। ਮੈਂ ਤੇਰੇ ਨਾਨਾ-ਪਜਾਮਾ ਨੂੰ ਮੈਸੇਜ ਲਿਖ ਦਿੰਦੀ ਹਾਂ। ਪੱਕਾ ਹੈ ਕਿ ਜਦੋਂ ਤੱਕ ਤੂੰ ਉੱਠੇਂ ਗੀ ਓਹ ਇਲਿਪਸ ਨਾਲ ਸਾਡੇ ਗਿੱਟੇ ਹੀ ਝਾੜ ਦੇਣ ਗੇ!"

ਬਿਲਕੁਲ ਇਹ ਹੀ ਵਾਪਰੇਆ! ਥੱਲੇ ਹੈ ਓਹ ਜੋ ਸੀ ਇਕ ਸਕੈਚ ਨਾਲ ਨਾਨਾ ਦੇ ਵਾਪਸੀ ਵੋਇਸ ਮੈਸੇਜ ਵਿਚ :-



"ਅਜ਼ੀਜ਼ਾ, ਉਤਲੀ ਸਕੈਚ ਵਿਚ ਇਕ ਬੱਚੀ ਦੀ ਪਿੰਕ ਫ਼ੁਟਬੌਲ ਧੁੱਪੇ ਫ਼ਰਸ਼ ਉੱਤੇ ਪਈ ਹੈ। ਓਹਦੀ ਪਰਛਾਂਈ ਯਾਂ ਸ਼ੈਡੋ ਬੜੀ ਸ਼ਾਰਪ ਹੈ। ਬਸ ਇਸੀ ਸ਼ੇਪ ਨੂੰ ਹੀ ਇਲਿਪਸ ਕਹਿੰਦੇ ਹਨ।

ਸੁਬਹ ਇਹ ਇਲਿਪਸ ਲੰਬਾ ਹੁੰਦਾ ਹੈ। ਜਿੰਵੇ ਸੁਰਜ ਉਤੇ ਚੜਦਾ ਹੈ ਛੋਟਾ ਤੇ ਹੋਰ ਗੋਲ ਹੋਈ ਜਾਂਦਾ ਹੈ। ਜਿਦੋਂ ਸੁਰਜ ਠੀਕ ਬੌਲ ਦੇ ਉਤੇ ਹੁੰਦਾ ਹੈ ਸਰਕਲ ਬਣ ਜਾਂਦਾ ਹੈ। ਫ਼ੇਰ ਜਿੰਵੇ ਸੁਰਜ ਢੱਲਦਾ ਜਾਂਦਾ ਹੈ, ਦੂਸਰੀ ਤਰਫ਼ ਲੰਬਾ ਹੋਈ ਜਾਂਦਾ ਹੈ।

ਇਕ ਰੋਮ ਤੋਂ ਵੀ ਪੁਰਾਤਣ ਸ਼ਹਿਰ ਸੀ ਪਰਗਾ। ਜਿਹੜਾ ਹੁਣ ਪੁਰੇ ਦਾ ਪੁਰਾ ਹੀ ਖੰਡਰ ਹੈ। ਇਹ ਤੁਰਕੀ ਵਿਚ ਹੈ, ਤੇ ਇਹ ਰੁਇਨਜ਼ ਵੀ ਦੇਖਣ ਜਾਂਦੇ ਨੇ ਟੂਰਿਸਟ। ਇਸ ਸ਼ਹਿਰ ਵਿਚ ਰਹਿੰਦਾ ਸੀ ਇਕ ਬਹੁਤ ਹੀ ਸਮਾਰਟ ਕੁਕੀ!

ਓਹਦਾ ਨਾਂ ਸੀ ਓਪੋਲੋਨੀਅਸ। ਓਹਨੂੰ ਇਸ ਸ਼ੇਪ ਨਾਲ ਏਣਾ ਪਿਆਰ ਹੋ ਗਿਆ ਉਸਨੇ ਆਪਣਾ ਸਾਰਾ ਟਾਇਮ ਇਸ ਨੂੰ ਵਿਚਾਰਣ ਤੇ ਲਗਾ ਦਿੱਤਾ। ਬਾਈ ਦੀ ਵੇ ਓਦੋਂ ਟਾਇਮ ਵੀ ਸੁਰਜ-ਘੜੀਆਂ, ਯਾਣੀ ਕਿ ਸ਼ੈਡੋਜ਼ ਨਾਲ ਹੀ ਦੇਖੇਆ ਜਾਂਦਾ ਸੀ।

ਪਰਗਾ ਤੇ ਨਹੀਂ ਰਿਹਾ, ਪਰ ਓਪੋਲੋਨੀਅਸ ਦਿਆਂ ਪੁਰੇ ਪਰੁਫ਼ਜ਼ ਨਾਲ ਇਲਿਪਸ ਬਾਰੇ ਦਿਤੀਆਂ ਥਿਓਰਮਜ਼ ਆਹਸਤੇ-ਆਹਸਤੇ ਸਾਰੀ ਦੁਨੀਆ ਦੇ ਸਕੌਲਰਜ਼ ਤਕ ਪਹੌਂਚ ਗਈਆਂ।ਓਹਦੀ ਹੀ ਇਲਿਪਸ ਦੀ ਇਕ ਦੂਜੀ ਡੈਫ਼ੀਨੇਸ਼ਨ ਤੁਸੀਂ ਬਾਦ ਵਿਚ ਸਕੂਲੇ ਸਿਖੋਗੇ। ਸੋ ਮੈਂ ਸੋਚੇਆ ਤੋਹਾਣੂ ਇਹ ਨਹੀਂ, ਪਰ ਇਸ ਸ਼ੇਪ ਦੀ ਪਹਲੀ ਤੇ ਸੱਭ ਤੋਂ ਕੁਦਰਤੀ ਡੈਫ਼ੀਨੇਸ਼ਨ ਦੱਸਾਂ। ਮੇਰੇ ਖਿਆਲ ਵਿਚ ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਤੁਸੀਂ ਸੱਭ ਕਦੇ ਵੀ ਇਸ ਨੂੰ ਭੁਲ ਸਕੋਗੇ!

ਨੋਟ: ਕਿਣੀ ਵਾਰ ਰੈਫ਼ਲੈਕਸ਼ਨ ਨੂੰ ਵੀ ਅਸੀਂ ਪਰਛਾਂਈ ਕਹਿ ਦਿੰਦੇ ਹਾਂ। ਪਰ ਇਹ ਬਿਲਕੁਲ ਹੀ ਅਲੱਗ ਹੈ। ਤੁਸੀਂ ਆਰਾਮ ਨਾਲ ਬੌਲ ਦੀ ਸ਼ੈਡੋ ਗਿਰਦ ਚੌਕ ਨਾਲ ਨਿਸ਼ਾਨ ਲਗਾ ਸਕਦੇ ਹੋ। ਪਰ ਬੌਲ਼ ਦੀ ਰੈਫ਼ਲੈਕਸ਼ਨ-ਫ਼ਰਸ਼ ਚਮਕੀਲਾ ਹੋਣ ਕਾਰਣ ਇਹ ਵੀ ਦਿਖ ਰਹੀ ਹੈ ਸਕੈਚ ਵਿਚ-ਤੱਕ ਪਹੋਂਚਣ ਦਾ ਕੋਈ ਵੀ ਰਸਤਾ ਨਹੀਂ! ਇਹ ਇਸ ਲਈ ਕਿ, ਜੇ ਹੁੰਦਾ ਐਸਾ ਰਸਤਾ, ਤੇ ਉਸਤੇ ਚਲਦੇ-ਚਲਦੇ ਅਜ਼ੀਜ਼ਾ ਦੇ ਉਠਾਏ ਹੋਏ ਹੱਥ ਦੀ, ਯਾਂ ਪਾਪਾ ਦੀ ਪੱਗ ਦੇ ਆਖਰੀ ਲੜ ਦੀ, ਖੁਦ-ਬ-ਖੁਦ 'ਅਦਲਾ-ਬਦਲੀ' ਹੋ ਜਾਂਦੀ। ਜੋ ਓਬਵੀਅਸਲੀ ਅਬਸੱਰਡ ਹੈ, ਸੋ ਕੀਉ ਈ ਡੀ।"

